AN EXHIBITION:

# KOMAGATA MARU

## A STORY IN PICTURES



Upon arrival on 23 May, 1914, Maru's passenger dressed to go ashore, - Gurdit Singh, foreground left, with his son, Balwant, and to his left, Daljit Singh. After this voyage, Gurdit Singh became an activist in the Indian independence struggle.

ਵੈਨਕੂਵਰ ਸੱਥ

VANCOUVER SATH

P.O. Box 67681, Stn. O
Vancouver, B.C. V5W 3V2

AN EXHIBITION:

# KOMAGATA MARU

## A STORY IN PICTURES

Seventy five years ago, the arrival of Komagata Maru wrote a vital chapter in the Canadian history. India being a part of the British Empire at the time, Indians considered it their right to enter Canada. To challenge unjust Canadian immigration laws, restricting their entry, they chartered Komagata Maru and arrived in Vancouver, with 376 passangers on board, on May 23rd 1914. But the Canadian government stood firm on its discriminatory policies based on race. For two months the authorities held at bay the Passengers' effort to land. Finally on July 23rd, with the help of HMCS Rainbow, Komagata Maru was forced to leave the Canadian waters.

The **Komagata Maru Photo Exhibition** depicts this tragedy. While it shows the hardships and ill-treatment suffered by our forefathers it also reveal their determination and courage to fight injustice. This determination and courage is our heritage.

To share this heritage and to commemorate the **75th anniversary of Komagata Maru,** Vancouver Sath present this photo exhibition. We feel that the memory and spirit of this heritage is very significant for Canadians. By remembering those who stood up against injustice we can better equip ourselves in our efforts to build a better future for mankind.



**The Militia force was called out to intimidate the passengers on Komagata Maru. The force included the members of the Irish Fusiliers, the 72nd Seaforth Highlanders and the Sixth Regiment ( The Duke of Connaught's Rifles).**



Reporters on Komagata Maru with Malcolm Reid, M.P. Steven and William Charles Hopkinson (far right). Hopkinson, sent by the British to spy on Indian nationalists in North America, worked as an immigration officer and interpreter for the Canadian Immigration Department.

For Information : **437-9014 or 581-3211**

## Vancouver Sath

Vancouver Sath, formed in early 1983, is a collective of Punjabi writers and artists. Among Sath,s objectives are to consciously create and promote theatre and literature about Indo-Canadian community. The poetry, songs, articles, plays, and video produced by Sath are about community life of Indo-Canadians. The photo exhibition of Komagata Maru is an integral part of Sath's ongoing activities.

**Vancouver Sath** have produced this exhibition to contribute to the various activites planned by the Indo-Canadian community to commemorate the **75th anniversary of Komagata Maru.** Additional activities such as translation and publication of old documents and production of plays about Komagata Maru are also part of Sath's ongoing efforts.

Brochure prepared for **VancouverSath** by Sadhu Binning and Sukhwant Hundal

ਇਕ ਪ੍ਰਦਰਸ਼ਨੀ :

# ਕਾਮਾਗਾਟਾ ਮਾਰੂ – ਤਸਵੀਰਾਂ ਦੀ ਜ਼ਬਾਨੀ

ਪੰਝਤਰ ਵਰ੍ਹੇ ਪਹਿਲਾਂ ਵੈਨਕੂਵਰ ਦੀ ਬੰਦਰਗਾਹ 'ਤੇ ਆਏ ਕਾਮਾਗਾਟਾ ਮਾਰੂ ਨੇ ਕੈਨੇਡਾ ਦੇ ਇਤਿਹਾਸ ਵਿਚ ਇਕ ਬਹੁਤ ਹੀ ਮਹੱਤਤਾ ਵਾਲਾ ਕਾਂਡ ਲਿਖਿਆ। ਉਸ ਸਮੇਂ ਬਰਤਾਨਵੀ ਰਾਜ ਦਾ ਹਿੱਸਾ ਹੋਣ ਕਰਕੇ ਭਾਰਤੀ ਲੋਕ ਇਥੇ ਆਉਣਾ ਆਪਣਾ ਹੱਕ ਸਮਝਦੇ ਸਨ। ਕੈਨੇਡਾ ਦੇ ਬੇਇਨਸਾਫੀ ਵਾਲੇ ਕਾਨੂੰਨਾਂ ਨੂੰ ਵੰਗਾਰਨ ਲਈ 1914 ਵਿਚ ਉਹ ਕਾਮਾਗਾਟਾ ਮਾਰੂ ਕਿਰਾਏ 'ਤੇ ਲੈ ਕੇ ਇਥੇ ਆਏ। ਪਰ ਸਰਕਾਰ ਆਪਣੀ ਨਸਲਵਾਦੀ ਨੀਤੀ ਤੇ ਕਾਇਮ ਰਹੀ। ਪੂਰੇ ਦੋ ਮਹੀਨੇ ਜਹਾਜ਼ ਵਿਚ ਹੀ ਕੈਦੀਆਂ ਵਾਂਗ ਰੱਖਣ ਤੋਂ ਬਾਅਦ ਭਾਰਤੀਆਂ ਨੂੰ ਜਬਰੀਂ ਵਾਪਿਸ ਮੋੜ ਦਿੱਤਾ ਗਿਆ।

ਇਸ ਪ੍ਰਦਰਸ਼ਨੀ ਵਿਚਲੀਆਂ ਤਸਵੀਰਾਂ ਇਸ ਦੁਖਾਂਤ ਦੀ ਕਹਾਣੀ ਦਸਦੀਆਂ ਹਨ। ਇਹ ਕਹਾਣੀ ਜਿਥੇ ਸਾਨੂੰ ਸਾਡੇ ਬਜ਼ੁਰਗਾਂ ਵਲੋਂ ਝੱਲੀਆਂ ਮੁਸੀਬਤਾਂ ਬਾਰੇ ਦਸਦੀ ਹੈ ਉਥੇ ਉਹਨਾਂ ਦੇ ਬੇਇਨਸਾਫੀ ਵਿਰੁੱਧ ਲੜਨ ਦੇ ਹੌਸਲੇ ਅਤੇ ਦ੍ਰਿੜ ਵਿਸ਼ਵਾਸ ਬਾਰੇ ਵੀ ਰੌਸ਼ਨੀ ਪਾਉਂਦੀ ਹੈ। ਇਹ ਹੌਂਸਲਾ ਅਤੇ ਦ੍ਰਿੜ ਵਿਸ਼ਵਾਸ ਸਾਡਾ ਵਿਰਸਾ ਹੈ।

ਕਾਮਾਗਾਟਾ ਮਾਰੂ ਦੀ ਪੰਝਤਰਵੀਂ ਵਰ੍ਹੇ ਗੰਢ ਸਮੇਂ ਇਸ ਵਿਰਸੇ ਨੂੰ ਲੋਕਾਂ ਤੱਕ ਪਹੁੰਚਾਉਣ ਲਈ ਵੈਨਕੂਵਰ ਸੱਥ ਇਹ ਪ੍ਰਦਰਸ਼ਨੀ ਪੇਸ਼ ਕਰਦੀ ਹੈ। ਅਸੀਂ ਮਹਿਸੂਸ ਕਰਦੇ ਹਾਂ ਕਿ ਸਾਡੇ ਇਸ ਵਿਰਸੇ ਦੀ ਕੈਨੇਡਾ ਦੇ ਲੋਕਾਂ ਲਈ ਬਹੁਤ ਮਹੱਤਤਾ ਹੈ। ਬੇਇਨਸਾਫੀ ਵਿਰੁੱਧ ਆਵਾਜ਼ ਉਠਾਉਣ ਵਾਲੇ ਲੋਕਾਂ ਦੀ ਯਾਦ ਸਾਨੂੰ ਇਕ ਚੰਗੇ ਸਮਾਜ ਦੀ ਸਿਰਜਣਾ ਕਰਨ ਵਿਚ ਸਹਾਈ ਹੋ ਸਕਦੀ ਹੈ।



ਕਾਮਾਗਾਟਾ ਮਾਰੂ ਨੂੰ ਵੈਨਕੂਵਰ ਦੇ ਪਾਣੀਆਂ ਤੋਂ ਬਾਹਰ ਕੱਢਣ ਲਈ ਲਿਆਂਦਾ ਕੈਨੇਡੀਅਨ ਸਮੁੰਦਰੀ ਫੌਜ ਦਾ ਜਹਾਜ਼ ਰੇਨਬੋ ਜੋ ਆਪਣੀਆਂ ਤੋਪਾਂ ਦਾ ਮੂੰਹ ਮਾਰੂ ਵੱਲ ਕਰੀ ਖੜਾ ਹੈ।



ਮਾਰੂ ਦੇ ਮੁਸਾਫਰ : ਮੁਸਾਫਰ ਕਈ ਕਈ ਦਿਨ ਖਾਣ ਪੀਣ ਦੀਆਂ ਵਸਤਾਂ ਤੋਂ ਬਿਨ੍ਹਾਂ ਰਹੇ। ਜੂਨ 6 ਨੂੰ ਗੁਰਦਿੱਤ ਸਿੰਘ ਨੇ ਗਵਰਨਰ ਜਨਰਲ ਨੂੰ ਤਾਰ ਦਿੱਤੀ: "ਚਾਰ ਦਿਨਾਂ ਤੋਂ ਖਾਣ ਲਈ ਕੁਝ ਨਹੀਂ। ਰੀਡ ਰਸਦ ਦੇਣ ਤੋਂ ਇਨਕਾਰ ਕਰਦਾ ਹੈ। ਮੁਸਾਫਰ ਕੈਦ ਕੀਤੇ ਹਨ ਅਤੇ ਭੁੱਖੇ ਹਨ।"

**ਹੋਰ ਜਾਣਕਾਰੀ ਲਈ ਫੋਨ: 437-9014; 581-3211**

ਵੈਨਕੂਵਰ ਸੱਥ ਬਾਰੇ:

ਵੈਨਕੂਵਰ ਸੱਥ 1983 ਵਿਚ ਪੰਜਾਬੀ ਲੇਖਕਾਂ ਅਤੇ ਕਲਾਕਾਰਾਂ ਕੋਸ਼ਿਸ਼ ਨਾਲ ਹੋਂਦ ਵਿਚ ਆਈ। ਇਸਦੇ ਉਦੇਸ਼ਾਂ ਵਿਚ ਕੈਨੇਡਾ ਵਿਚ ਰਹਿ ਰਹੇ ਭਾਰਤੀਆਂ ਦੇ ਜੀਵਨ ਅਤੇ ਇਸ ਜੀਵਨ ਵਿਚ ਉਹਨਾਂ ਨੂੰ ਦਰਪੇਸ਼ ਆਉਂਦੇ ਮਸਲਿਆਂ ਨੂੰ ਲੇਖਾਂ, ਨਾਟਕਾਂ, ਸਾਹਿਤ ਅਤੇ ਸਭਿਆਚਾਰ ਦੇ ਵੱਖਰੇ ਵੱਖਰੇ ਰੂਪਾਂ ਰਾਹੀਂ ਲੋਕਾਂ ਵਿਚ ਪੇਸ਼ ਕਰਨਾ ਹੈ। ਕਾਮਾਗਾਟਾ ਮਾਰੂ ਦੀਆਂ ਤਸਵੀਰਾਂ ਦੀ ਪ੍ਰਦਰਸ਼ਨੀ ਵੀ ਇਹਨਾਂ ਹੀ ਗਤੀਆਂ ਵਿਧੀਆਂ ਦੀ ਇਕ ਕੜੀ ਹੈ।

ਕੈਨੇਡਾ ਦੀ ਭਾਰਤੀ ਕਮਿਉਨਿਟੀ ਵਲੋਂ ਕਾਮਾਗਾਟਾ ਮਾਰੂ ਦੀ ਪੰਝਤਰਵੀਂ ਵਰ੍ਹੇ ਗੰਢ ਮਨਾਉਣ ਲਈ ਹੋ ਰਹੀਆਂ ਸਰਗਰਮੀਆਂ ਵਿਚ ਆਪਣਾ ਹਿੱਸਾ ਪਾਉਣ ਲਈ ਸੱਥ ਨੇ ਇਹ ਪ੍ਰਦਰਸ਼ਨੀ ਤਿਆਰ ਕੀਤੀ ਹੈ। ਇਸ ਤੋਂ ਬਿਨ੍ਹਾਂ ਕਾਮਾਗਾਟਾ ਮਾਰੂ ਨਾਲ ਸਬੰਧਤ ਪੁਰਾਣੀਆਂ ਲਿਖਤਾਂ ਨੂੰ ਪੰਜਾਬੀ ਵਿਚ ਅਨੁਵਾਦ ਕਰਕੇ ਲੋਕਾਂ ਤੱਕ ਪਹੁੰਚਾਣਾ ਅਤੇ ਕਾਮਾਗਾਟਾ ਮਾਰੂ ਬਾਰੇ ਨਾਟਕ ਤਿਆਰ ਕਰਨੇ ਵੀ ਸੱਥ ਦੀਆਂ ਕੋਸ਼ਿਸ਼ਾਂ ਦਾ ਹਿੱਸਾ ਹਨ।

ਇਕ ਪ੍ਰਦਰਸ਼ਨੀ :

# ਕਾਮਾਗਾਟਾ ਮਾਰੂ
# ਤਸਵੀਰਾਂ ਦੀ ਜਬਾਨੀ



ਕਾਮਾਗਾਟਾ ਮਾਰੂ ਦੇ ਵੈਨਕੂਵਰ ਪਹੁੰਚਣ 'ਤੇ ਮੁਸਾਫਰ ਉਤਰਨ ਦੀ ਤਿਆਰੀ ਵਿਚ। ਮੂਹਰਲੀ ਕਤਾਰ ਵਿਚ ਖੱਬੇ ਹੱਥ ਗੁਰਦਿੱਤ ਸਿੰਘ ਨਾਲ ਉਹਨਾਂ ਦਾ ਪੁੱਤਰ ਬਲਵੰਤ ਅਤੇ ਨਾਲ ਸਕੱਤਰ ਦਲਜੀਤ ਸਿੰਘ ਖੜਾ ਹੈ।


**ਵੈਨਕੂਵਰ ਸੱਥ**

**VANCOUVER SATH**

P.O. Box 67681, Stn. O
Vancouver, B.C. V5W 3V2